ਦੇਗ ਤੇਗ ਫਤਿਹ॥

**ਸ਼ਹੀਦਾਂ ਦੇ ਸਿਰਤਾਜ**


**ਬਾਣੀ ਦੇ ਬੋਹਿਥ, ਸ਼ਾਂਤੀ ਦੇ ਪੁੰਜ, ਸਾਂਝੀਵਾਲਤਾ ਦੇ ਪ੍ਰਤੀਕ**

**ਸ੍ਰੀ ਹਰਿਮੰਦਰ ਸਾਹਿਬ ਦੇ ਸਿਰਜਨਹਾਰ**

# ਸ੍ਰੀ ਗੁਰੂ ਅਰਜਨ ਦੇਵ ਜੀ

ਦਾ

# ਸ਼ਹੀਦੀ ਦਿਹਾੜਾ



## ੪ ਹਾੜ, ਨਾਨਕਸ਼ਾਹੀ ਸੰਮਤ ੫੫੮

ਮੁਤਾਬਿਕ

## ਵੀਰਵਾਰ, 18 ਜੂਨ 2026

ਨੂੰ ਅੰਮ੍ਰਿਤ ਵੇਲੇ ਤੋਂ ਸ਼ਾਮ ਤੱਕ

## ਭਾਈ ਲੱਖੀ ਸ਼ਾਹ ਵਣਜਾਰਾ ਹਾਲ
## ਗੁਰਦੁਆਰਾ ਰਕਾਬ ਗੰਜ ਸਾਹਿਬ

**ਵਿਖੇ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ**

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਸੰਨ 1606 ਦੀਆਂ ਗਰਮੀਆਂ ਵਿੱਚ ਸ਼ਾਂਤੀ ਦੇ ਪੁੰਜ, ਬਾਣੀ ਦੇ ਬੋਹਿਥ, ਸਰਬ ਸਾਂਝੀਵਾਲਤਾ ਦੇ ਪ੍ਰਤੀਕ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਸਿਰਜਨਹਾਰ ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਅਸਹਿ ਅਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

ਇਸ ਦਾ ਕਾਰਨ ਇਹ ਸੀ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸਿੱਖੀ ਦੀ ਲਹਿਰ ਤੇਜ਼ੀ ਨਾਲ ਫੈਲਦੀ ਜਾ ਰਹੀ ਸੀ ਅਤੇ ਹਰ ਵਰਗ ਦੇ ਲੋਕ ਗੁਰੂ ਸਾਹਿਬ ਦੇ ਪ੍ਰਚਾਰ ਤੋਂ ਪ੍ਰਭਾਵਿਤ ਹੋ ਸਿੱਖੀ ਵੱਲ ਖਿੱਚੇ ਚਲੇ ਆ ਰਹੇ ਸਨ, ਜੋ ਕਿ ਸਮੇਂ ਦੀ ਹਕੂਮਤ ਨੂੰ ਮਨਜ਼ੂਰ ਨਹੀਂ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਦੁੱਤੀ ਸ਼ਹੀਦੀ ਨਾਲ ਸਿੱਖ ਹਲੂਣੇ ਗਏ ਅਤੇ ਜਬਰ ਤੇ ਜ਼ੁਲਮ ਵਿਰੁੱਧ ਲਾਮਬੰਧ ਹੋ ਉਸ ਨੂੰ ਵੰਗਾਰਨ ਵੱਲ ਤੁਰ ਪਏ। ਫਲਸਰੂਪ ਜਿਥੇ ਸਮੇਂ ਦੀ ਹਕੂਮਤ ਦੇ ਜ਼ੁਲਮ ਨੂੰ ਚੁਨੌਤੀ ਮਿਲਣ ਲੱਗੀ, ਉਥੇ ਹੀ ਸਿੱਖ ਇਤਿਹਾਸ ਵਿੱਚ ਕੁਰਬਾਨੀਆਂ ਦਾ ਦੌਰ ਸ਼ੁਰੂ ਹੋ ਗਿਆ।

## Martyrdom of Guru Arjan Dev Ji

It was in the scorching summers of 1606 that the epistle of peace, composer of divine verses, propagator and believer in equality for all, editor of Guru Granth Sahib Ji and the architect of Sri Harmander Sahib was brutally tortured to death in an indescribable and unutterable manner at the behest of Mughal Emperor Jehangir. This brutality was unleashed on this messiah of peace as Sikhism was spreading far and wide, as the Holy Granth Sahib gave the message of universal brotherhood and love, was seen as a serious threat and did not go well with the Mughal Empire.

The martyrdom of Guru Arjun Dev Ji shocked the Sikhs and they resolved that they would not take it lying down. The result on one hand was the challenge to authoritarianism and on the other this also started the long tradition of sacrifices and martyrdom in the history of Sikhism.

## ਗੁਰਮਤਿ ਪ੍ਰਚਾਰ

ਸਭਾ ਸੁਸਾਇਟੀਆਂ ਇਸ ਮਹਾਨ ਸ਼ਹੀਦੀ ਦਿਹਾੜੇ 'ਤੇ ਸੰਗਤਾਂ ਲਈ ਠੰਡੇ-ਮਿੱਠੇ ਜਲ ਦੀ ਸੇਵਾ ਦੇ ਨਾਲ-ਨਾਲ ਗੁਰਮਤਿ ਲਿਟਰੇਚਰ ਦੇ ਸਟਾਲ ਲਗਾ ਕੇ ਗੁਰਮਤਿ ਪ੍ਰਚਾਰ ਵਿੱਚ ਆਪਣਾ ਯੋਗਦਾਨ ਪਾਉਣ।

## ਗੁਰੂ ਕਾ ਲੰਗਰ

ਗੁਰੂ ਰੂਪ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਸੀਂ ਆਪਣੀਆਂ ਪੁਰਾਤਨ ਪ੍ਰੰਪਰਾਵਾਂ ਨੂੰ ਵਿਸਾਰਦੇ ਹੋਏ ਗੁਰੂ ਕੇ ਲੰਗਰ ਦੀਆਂ ਹੱਥੀਂ ਸੇਵਾਵਾਂ ਕਰਨ ਜਿਵੇਂ ਕਿ ਲੰਗਰ ਲਈ ਦਾਲਾਂ ਤਿਆਰ ਕਰਨ, ਪ੍ਰਸ਼ਾਦੇ ਤਿਆਰ ਕਰਨ, ਜੂਠੇ ਬਰਤਨ ਸਾਫ ਕਰਨ ਆਦਿ ਦੀ ਸੇਵਾ ਅਤੇ ਜੋੜੇ ਝਾੜਨ ਦੀ ਸੇਵਾ ਕਰਨ ਵਿੱਚ ਸਮਾਂ ਨਹੀਂ ਦੇ ਪਾ ਰਹੇ। ਜਿਸ ਕਰਕੇ ਜਿਥੇ ਅਸੀਂ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਭੁਲਦੇ ਜਾ ਰਹੇ ਹਾਂ ਉਥੇ ਹੀ ਆਪਣੇ ਬੱਚਿਆਂ ਨੂੰ ਵੀ ਸੇਵਾ ਦੇ ਸੰਕਲਪ ਤੋਂ ਵਾਝਿਆਂ ਰੱਖ ਰਹੇ ਹਾਂ। ਇਸ ਲਈ ਆਪਣੇ ਜੀਵਨ ਨੂੰ ਸਫਲਾ ਬਣਾਉਣ ਲਈ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਗੁਰੂ ਸਾਹਿਬਾਨ ਵੱਲੋਂ ਮਨੁੱਖਤਾ ਲਈ ਚਲਾਈ ਗਈ ਇਸ ਵਿਲੱਖਣ ਸੇਵਾ ਵਿੱਚ ਆਪਣੇ ਹੱਥੀਂ ਅਤੇ ਤਨ-ਮਨ-ਧਨ ਨਾਲ ਹਿੱਸਾ ਪਾ ਕੇ ਜੀਵਨ ਸਫਲ ਕਰੀਏ।

## ਅਪੀਲ

ਫੈਸ਼ਨਪ੍ਰਸਤੀ ਦੇ ਵੱਧਦੇ ਪ੍ਰਭਾਵ ਕਾਰਨ ਅੱਜਕੱਲ ਸਿੱਖ ਨੌਜਵਾਨਾਂ ਵਿੱਚ ਸਿਰਾਂ 'ਤੇ ਟੋਪੀਆਂ ਪਾਉਣ ਦਾ ਰੁਝਾਨ ਵੱਧ ਰਿਹਾ ਹੈ, ਜੋ ਕਿ ਸਿੱਖ ਰਹਿਤ ਮਰਿਆਦਾ ਦੇ ਬਿਲਕੁਲ ਉਲਟ ਹੈ। ਗੁਰਮਤਿ ਅਨੁਸਾਰ ਹਰ ਸਿੱਖ ਨੌਜਵਾਨ ਨੂੰ ਸਿਰ 'ਤੇ ਸੋਹਣੀ ਦਸਤਾਰ ਸਜਾਉਣੀ ਚਾਹੀਦੀ ਹੈ, ਜੋ ਸਿੱਖੀ ਗੌਰਵ ਦੀ ਸ਼ਾਨ ਹੈ।

## ਸੀਸ ਗੰਜ ਮਾਸਿਕ ਮੈਗਜ਼ੀਨ

ਆਪਣੇ ਬੱਚਿਆਂ ਨੂੰ ਗੁਰੂ, ਗੁਰਮਤਿ ਤੇ ਗੁਰ-ਇਤਿਹਾਸ ਨਾਲ ਜੋੜਨ ਲਈ 'ਸੀਸ ਗੰਜ' ਮੈਗਜ਼ੀਨ ਨੂੰ ਆਪਣੇ ਡਰਾਇੰਗ ਰੂਮ ਦਾ ਸ਼ਿੰਗਾਰ ਬਣਾਉ। 50/- ਰੁਪਏ ਸਲਾਨਾ ਚੰਦਾ ਭੇਜ ਕੇ ਅੱਜ ਹੀ ਮੰਗਵਾਓ।

## ਸਿੱਧਾ ਪ੍ਰਸਾਰਣ

ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ 'Chardikla Time TV' ਚੈਨਲ ਤੇ ਸਵੇਰੇ 10.00 ਵਜੇ ਤੋਂ ਦੁਪਹਿਰ 3.30 ਵਜੇ ਤੱਕ, ਵੈਬਸਾਈਟ www.dsgmc.in, GSPS Live, Akaal Sahai Gurbani, Sikhi Channel, Param Sikh Itihas, Amritras Live Youtube Channel 'ਤੇ ਹੋਵੇਗਾ।

# ੪ ਹਾੜ (18 ਜੂਨ), ਨਾਨਕਸ਼ਾਹੀ ਸੰਮਤ ੫੫੮

## ਪ੍ਰੋਗਰਾਮ (ਸਵੇਰੇ)

3.00 ਤੋਂ 5.30 – ਪਾਠ – ਸ੍ਰੀ ਸੁਖਮਨੀ ਸਾਹਿਬ ਅਤੇ ਨਿਤਨੇਮ

5.30 ਤੋਂ 7.45 – ਆਸਾ ਦੀ ਵਾਰ – ਭਾਈ ਨਿਰਮਲ ਸਿੰਘ ਜੀ ਖਾਲਸਾ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

7.45 ਤੋਂ 8.30 – ਕਥਾ – ਭਾਈ ਦਿਲਬਾਗ ਸਿੰਘ ਜੀ
ਹੈਡ ਗ੍ਰੰਥੀ, ਗੁਰਦੁਆਰਾ ਰਕਾਬ ਗੰਜ ਸਾਹਿਬ

8.30 ਤੋਂ 9.15 – ਕੀਰਤਨ – ਭਾਈ ਗੁਰਨਾਮ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ

9.15 ਤੋਂ 10.15 – ਕੀਰਤਨ – ਭਾਈ ਜਗਤੇਸ਼ਵਰ ਸਿੰਘ ਜੀ ਪਟਿਆਲਾ

10.15 ਤੋਂ 11.15 – ਕੀਰਤਨ – ਭਾਈ ਹਰਜੋਤ ਸਿੰਘ ਜੀ ਜਖ਼ਮੀ

11.15 ਤੋਂ 12.15 – ਕੀਰਤਨ – ਭਾਈ ਮਨਜਿੰਦਰ ਸਿੰਘ ਜੀ
ਹਜ਼ੂਰੀ ਕੀਰਤਨੀਏ, ਗੁ. ਫਤਿਹਗੜ੍ਹ ਸਾਹਿਬ

12.15 ਤੋਂ 1.15 – ਕੀਰਤਨ – ਭਾਈ ਗੁਰਮੇਲ ਸਿੰਘ ਜੀ
ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ

1.15 ਤੋਂ 1.45 – ਪੰਥਕ ਵਿਚਾਰਾਂ

1.45 ਤੋਂ 2.00 – ਨਾਮ ਸਿਮਰਨ – ਬਾਬਾ ਬਚਨ ਸਿੰਘ ਜੀ ਕਾਰ ਸੇਵਾ

2.00 ਤੋਂ 3.00 – ਕੀਰਤਨ – ਭਾਈ ਤਰਨਵੀਰ ਸਿੰਘ ਜੀ ਰੱਬੀ

3.00 ਤੋਂ 4.00 – ਕਵੀ ਦਰਬਾਰ – ਸ. ਅਵਤਾਰ ਸਿੰਘ ਤਾਰੀ
ਸ. ਕੁਲਦੀਪ ਸਿੰਘ ਦਰਾਜ਼ਕੇ, ਸ. ਸਤਬੀਰ ਸਿੰਘ ਸ਼ਾਨ
ਬੀਬੀ ਜਗਜੀਤ ਕੌਰ ਭੋਲੀ, ਡਾ. ਰਾਜਵੰਤ ਕੌਰ
ਬੀਬੀ ਮਨਜੀਤ ਕੌਰ ਪਹੂਵਿੰਡ, ਬੀਬੀ ਇੰਦਰਜੀਤ ਕੌਰ

4.00 ਤੋਂ 5.00 – ਢਾਡੀ ਪ੍ਰਸੰਗ – ਭਾਈ ਅਮਰਿੰਦਰ ਸਿੰਘ ਜੀ ਤਾਲਬ
ਹਜ਼ੂਰੀ ਢਾਡੀ, ਗ. ਸੀਸ ਗੰਜ ਸਾਹਿਬ

ਉਪਰੰਤ ਅਰਦਾਸ ਅਤੇ ਸਮਾਪਤੀ

## ਅੰਮ੍ਰਿਤ ਸੰਚਾਰ

ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਵੀਰਵਾਰ, 18 ਜੂਨ 2026 ਨੂੰ ਸਵੇਰੇ 11.00 ਵਜੇ ਅੰਮ੍ਰਿਤ ਸੰਚਾਰ ਹੋਵੇਗਾ। ਅਭਿਲਾਖੀ ਸੱਜਣ ਕੇਸੀ ਇਸ਼ਨਾਨ ਕਰਕੇ ਕਕਾਰਾਂ ਸਹਿਤ ਤਿਆਰ-ਬਰ-ਤਿਆਰ ਹੋ ਕੇ ਸਮੇਂ ਸਿਰ ਗੁਰਦੁਆਰਾ ਸਾਹਿਬ ਵਿਖੇ ਪੁੱਜ ਜਾਣ, ਹਰ ਐਤਵਾਰ ਗੁਰਦੁਆਰਾ ਬੰਗਲਾ ਸਾਹਿਬ ਅਤੇ ਬੁੱਧਵਾਰ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਸਵੇਰੇ 11.00 ਵਜੇ ਅੰਮ੍ਰਿਤ ਸੰਚਾਰ ਕਰਵਾਇਆ ਜਾਂਦਾ ਹੈ ਲੋੜ ਅਨੁਸਾਰ ਕਕਾਰਾਂ ਦੀ ਸੇਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਵੇਗੀ।

# ਅੰਮ੍ਰਿਤਧਾਰੀ ਗੁਰਸਿੱਖਾਂ ਦੇ ਪਰਿਵਾਰਾਂ ਦੇ ਬੱਚਿਆਂ ਨੂੰ ਮੁਫ਼ਤ ਉੱਤਮ ਵਿਦਿਆ

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਲੀ ਕਮੇਟੀ ਅਧੀਨ ਆਉਂਦੇ ਵਿਦਿਅਕ ਅਦਾਰਿਆਂ ਵਿੱਚ ਪੜ੍ਹ ਰਹੇ ਅੰਮ੍ਰਿਤਧਾਰੀ ਪਰਿਵਾਰਾਂ ਦੇ ਬੱਚਿਆਂ ਨੂੰ ਮੁਫ਼ਤ ਉੱਤਮ ਵਿਦਿਆ ਦੇਣ ਦਾ ਉਪਰਾਲਾ ਸੰਗਤਾਂ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ ਹੈ।

UPI ID : 8448897556@psbpay

Governing body of Guru H...

BHIM UPI

**A/C No. : 09021100000220**

**IFSC Code : PSIB0000913**

## ਇੱਕ ਬੱਚੇ ਦੀ ਅੰਦਾਜ਼ਨ ਸਾਲਾਨਾ ਫ਼ੀਸ

| ਕਲਾਸ 1 ਤੋਂ 5 | ਕਲਾਸ 6 ਤੋਂ 10 | ਕਲਾਸ 11 ਤੋਂ 12 |
|---|---|---|
| 75,000/- ਰੁਪਏ | 85,000/- ਰੁਪਏ | 1,05,000/- ਰੁਪਏ |

ਸੰਗਤਾਂ ਪ੍ਰਤਿ ਬੇਨਤੀ ਹੈ ਅੰਮ੍ਰਿਤਧਾਰੀ ਗੁਰਸਿੱਖਾਂ ਦੇ ਪਰਿਵਾਰਾਂ ਦੇ ਬੱਚਿਆਂ ਦੀ ਮੁਫ਼ਤ ਪੜ੍ਹਾਈ ਲਈ ਆਪਣਾ ਵੱਡਮੁਲਾ ਯੋਗਦਾਨ ਪਾਉਣ ਦੀ ਕ੍ਰਿਪਾਲਤਾ ਕਰੋ ਜੀ।

ਗੁਰੂ ਪੰਥ ਦੇ ਦਾਸ


**ਹਰਮੀਤ ਸਿੰਘ ਕਾਲਕਾ**
ਪ੍ਰਧਾਨ

**ਹਰਵਿੰਦਰ ਸਿੰਘ ਕੇ.ਪੀ.**
ਸੀਨੀਅਰ ਮੀਤ ਪ੍ਰਧਾਨ

**ਜਗਦੀਪ ਸਿੰਘ ਕਾਹਲੋਂ**
ਜਨਰਲ ਸਕੱਤਰ

**ਆਤਮਾ ਸਿੰਘ ਲੁਬਾਣਾ**
ਮੀਤ ਪ੍ਰਧਾਨ

**ਜਸਪ੍ਰੀਤ ਸਿੰਘ ਕਰਮਸਰ**
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

**ਜਸਮੇਨ ਸਿੰਘ ਨੋਨੀ**
ਜਾਇੰਟ ਸਕੱਤਰ


# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ


ਗੁਰੂ ਗੋਬਿੰਦ ਸਿੰਘ ਭਵਨ, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-110001
ਫੋਨ : 23712580-81-82, 23737328-29 ਫੈਕਸ : 23317511

Website : www.dsgmc.in Email : info@dsgmc.in



ਡਿਜ਼ਾਇਨਿੰਗ : ਕੰਪਿਊਟਰ ਵਿਭਾਗ (ਦਿੱ. ਸਿੱ. ਗੁ. ਪ੍ਰ. ਕਮੇਟੀ)
ਛਾਪਕ : ਗੁਰਉਪਦੇਸ਼ ਪ੍ਰਿੰਟਰਜ਼, ਗੁਰਦੁਆਰਾ ਰਕਾਬ ਗੰਜ ਸਾਹਿਬ, ਨਵੀਂ ਦਿੱਲੀ-1